# ਡੈਂਟਿਸਟ ਤੁਹਾਡਾ ਇਲਾਜ ਕਰਦੇ ਹਨ, ਤੁਹਾਡਾ ਡੈਂਟਲ ਪਲੈਨ ਨਹੀਂ

2010 ਕਨੇਡੀਅਨ ਹੈਲਥ ਮੇਯਰਜ਼ ਸਰਵੇ ਮੁਤਾਬਕ, 62% ਕਨੇਡੀਅਨ ਲੋਕਾਂ ਕੋਲ ਡੈਂਟਲ ਪਲੈਨ ਤਾਂ ਹੈ ਪਰ ਬਹੁਤੇ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਹੈ ਕਿ ਗਰੁੱਪ ਪਲੈਨ ਵਿਅਕਤੀਗਤ ਸਿਹਤ ਲੋੜਾਂ ਦੀ ਪੂਰਤੀ ਲਈ ਤਿਆਰ ਨਹੀਂ ਕੀਤੇ ਗਏ ਹੁੰਦੇ। ਡੈਂਟਲ ਪਲੈਨ ਐਕਸਟੈਂਡਿਡ ਹੈਲਥ ਬੈਨਿਫ਼ਿਟਸ ਦਾ ਇੱਕ ਵਡਮੁੱਲਾ ਹਿੱਸਾ ਹਨ ਅਤੇ ਇਨ੍ਹਾਂ ਨੂੰ ਇਸ ਢੰਗ ਨਾਲ ਤਿਆਰ ਕੀਤਾ ਹੁੰਦਾ ਹੈ ਤਾਂ ਕਿ ਇਹ ਦੰਦਾਂ ਦੇ ਇਲਾਜ ਸੰਬੰਧੀ ਖ਼ਰਚੇ ਦੀ ਪੂਰਤੀ ਕਰ ਸਕਣ। ਡੈਂਟਲ ਇੰਸ਼ੋਰੈਂਸ ਪਲੈਨ ਕਿਵੇਂ ਕੰਮ ਕਰਦੇ ਹਨ, ਇਹ ਸਮਝਣ ਨਾਲ ਮਰੀਜ਼ਾਂ ਨੂੰ ਆਪਣੇ ਡੈਂਟਿਸਟ ਜਾਂ ਸਰਟੀਫ਼ਾਇਡ ਸਪੈਸ਼ਲਿਸਟ ਨਾਲ ਰਲ਼ ਕੇ ਗਿਆਨਵਾਨ ਚੋਣਾਂ ਕਰਨ ਵਿੱਚ ਮਦਦ ਮਿਲਦੀ ਹੈ।

### ਡੈਂਟਿਸਟ ਦੀ ਜ਼ਿੰਮੇਵਾਰੀ

ਤੁਹਾਡੇ ਡਾਕਟਰ ਵਾਂਗ ਤੁਹਾਡਾ ਡੈਂਟਿਸਟ ਜਾਂ ਸਰਟੀਫ਼ਾਇਡ ਸਪੈਸ਼ਲਿਸਟ ਵੀ ਉੱਚ ਸਿਖਲਾਈ ਪ੍ਰਾਪਤ ਹੁੰਦਾ ਹੈ। ਇਲਾਜ ਦੀਆਂ ਸਿਫ਼ਾਰਸ਼ਾਂ ਤੁਹਾਡੀ ਡੈਂਟਲ ਕਵਰੇਜ ਵੱਲੋਂ ਨਿਰਧਾਰਤ ਨਹੀਂ ਕੀਤੀਆਂ ਜਾਂਦੀਆਂ, ਸਗੋਂ ਇਹ ਤੁਹਾਡੇ ਦੰਦਾਂ ਦੀ ਸਿਹਤ ਸੰਬੰਧੀ ਲੋੜਾਂ 'ਤੇ ਅਧਾਰਤ ਹੁੰਦੀਆਂ ਹਨ। ਡੈਂਟਲ ਪਲੈਨ ਕਿਸੇ ਤੀਜੀ ਧਿਰ (ਜਿਵੇਂ ਕਿ ਤੁਹਾਡਾ ਕੰਮ ਮਾਲਕ) ਅਤੇ ਇੰਸ਼ੋਰੈਂਸ ਕੰਪਨੀ ਦਰਮਿਆਨ ਇੱਕ ਕੌਨਟ੍ਰੈਕਟ ਹੁੰਦਾ ਹੈ। ਦੰਦਾਂ ਦੇ ਇਲਾਜ ਸੰਬੰਧੀ ਕਿਹੜੀਆਂ ਕਾਰਵਾਈਆਂ ਅਤੇ ਖ਼ਰਚੇ ਦਾ ਕਿੰਨਾ ਹਿੱਸਾ ਕਵਰ ਕੀਤਾ ਜਾਵੇਗਾ ਇਹ ਕੌਨਟ੍ਰੈਕਟ ਵੱਲੋਂ ਨਿਰਧਾਰਤ ਕੀਤਾ ਜਾਂਦਾ ਹੈ, ਤੁਹਾਡੇ ਡੈਂਟਿਸਟ ਵੱਲੋਂ ਨਹੀਂ।

ਤੁਹਾਡਾ ਡੈਂਟਿਸਟ ਤੁਹਾਡੀ ਕਵਰੇਜ ਬਾਰੇ ਸਮਝਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਅਤੇ ਇਲਾਜ ਦੇ ਖ਼ਰਚੇ ਦਾ ਇੰਸ਼ੋਰੈਂਸ ਵੱਲੋਂ ਕਵਰ ਕੀਤੇ ਜਾਣ ਵਾਲੇ ਅਤੇ ਤੁਹਾਡੇ ਵੱਲੋਂ ਅਦਾ ਕੀਤੇ ਜਾਣ ਵਾਲੇ ਹਿੱਸੇ ਬਾਰੇ ਸਮਝਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਇਸ ਨਾਲ – ਇਲਾਜ ਸ਼ੁਰੂ ਹੋਣ ਤੋਂ ਪਹਿਲਾਂ – ਤੁਹਾਨੂੰ ਇੱਕ ਚੰਗਾ ਅੰਦਾਜ਼ਾ ਹੋ ਜਾਵੇਗਾ ਕਿ ਕਿੰਨਾ ਖ਼ਰਚਾ ਪਲੈਨ ਵੱਲੋਂ ਕਵਰ ਕੀਤਾ ਜਾਵੇਗਾ ਅਤੇ ਕਿੰਨਾ ਖ਼ਰਚਾ ਤੁਹਾਨੂੰ ਦੇਣਾ ਪਵੇਗਾ।

### ਡੈਂਟਲ ਪਲੈਨਾਂ ਦੀ ਕਵਰੇਜ ਵੱਖੋ-ਵੱਖਰੀ ਹੁੰਦੀ ਹੈ

ਤੁਹਾਡੇ ਡੈਂਟਲ ਪਲੈਨ ਦੀ ਕਵਰੇਜ ਤੁਹਾਡੇ ਬੈਨਿਫ਼ਿਟਸ ਪਲੈਨ ਦਾ ਹਿੱਸਾ ਹੈ। ਇਹ ਦੰਦਾਂ ਦੀ ਦੇਖਭਾਲ ਸੰਬੰਧੀ ਤੁਹਾਡੀਆਂ (ਜਾਂ ਤੁਹਾਡੇ ਪਰਿਵਾਰ ਦੀਆਂ) ਜ਼ਰੂਰਤਾਂ ਉੱਪਰ ਅਧਾਰਤ ਨਹੀਂ ਹੈ। ਹਰ ਡੈਂਟਲ ਪਲੈਨ ਵੱਖਰਾ ਹੁੰਦਾ ਹੈ। ਕੌਨਟ੍ਰੈਕਟ ਵਿੱਚ ਕਵਰ ਕੀਤੀਆਂ ਸੇਵਾਵਾਂ; ਹਰ ਸਰਵਿਸ ਦੀ ਫ਼ੀਸ ਦਾ ਕਵਰ ਕੀਤਾ ਜਾਣ ਵਾਲਾ ਪ੍ਰਤੀਸ਼ਤ ਹਿੱਸਾ ਅਤੇ ਸਾਲ ਵਿੱਚ ਕਵਰੇਜ ਦੀ ਵੱਧ ਤੋਂ ਵੱਧ ਰਕਮ ਦੇ ਆਧਾਰ 'ਤੇ ਕਵਰੇਜ ਵਿੱਚ ਫ਼ਰਕ ਹੁੰਦਾ ਹੈ। ਪਲੈਨ ਵਿੱਚ ਕੀ ਕੁਝ ਕਵਰ ਕੀਤਾ ਜਾਣਾ ਹੈ ਇਹ ਪਲੈਨ ਦੇ ਖ਼ਰੀਦਦਾਰ, ਜਿਵੇਂ ਕਿ ਤੁਹਾਡੀ ਯੂਨੀਅਨ ਜਾਂ ਤੁਹਾਡੇ ਕੰਮ ਮਾਲਕ, ਵੱਲੋਂ ਤੈਅ ਕੀਤਾ ਜਾਂਦਾ ਹੈ – ਨਾ ਕਿ ਤੁਹਾਡੇ ਡੈਂਟਿਸਟ ਵੱਲੋਂ।

### ਮਰੀਜ਼ ਦੀ ਜ਼ਿੰਮੇਵਾਰੀ

ਡੈਂਟਲ ਦਫ਼ਤਰ ਵਿੱਚ ਕੰਮ ਕਰਨ ਵਾਲਾ ਸਟਾਫ਼ ਤੁਹਾਡੇ ਪਲੈਨ ਦਾ ਮਾਹਰ ਨਹੀਂ ਹੈ। ਆਪਣੇ ਪਲੈਨ ਵਿੱਚ ਆਉਣ ਵਾਲੀਆਂ ਤਬਦੀਲੀਆਂ ਸਮੇਤ ਪਲੈਨ ਦੀ ਕਵਰੇਜ ਬਾਰੇ ਜਾਣਨਾ ਤੁਹਾਡੀ ਜ਼ਿੰਮੇਵਾਰੀ ਹੈ। ਆਪਣੇ ਬੈਨੀਫ਼ਿਟਸ ਮੈਨੇਜਰ ਜਾਂ ਇੰਸ਼ੋਰੈਂਸ ਪ੍ਰਦਾਨਕਰਤਾ ਤੋਂ ਪਲੈਨ ਸੰਬੰਧੀ ਕਿਤਾਬਚੇ ਜਾਂ ਆਪਣੀ ਖ਼ਾਸ ਕਵਰੇਜ ਸੰਬੰਧੀ ਜਾਣਕਾਰੀ ਦੀ ਮੰਗ ਕਰੋ।

### ਸਹਿ-ਅਦਾਇਗੀ (ਡਿਡਕਟੀਬਲ ਭਾਵ ਮਨਫ਼ੀਯੋਗ ਰਕਮ)

ਅਸਲ ਲਾਗਤ ਭਾਵੇਂ ਕੁਝ ਵੀ ਹੋਵੇ, ਬਹੁਤੇ ਡੈਂਟਲ ਪਲੈਨ ਦੰਦਾਂ ਦੀ ਦੇਖਭਾਲ ਸੰਬੰਧੀ ਖ਼ਰਚੇ ਦਾ 50% ਤੋਂ 80% ਹਿੱਸਾ ਕਵਰ ਕਰਦੀਆਂ ਹਨ। ਇਸ ਖ਼ਰਚੇ ਦਾ ਜਿਹੜਾ ਹਿੱਸਾ ਪਲੈਨ ਵੱਲੋਂ ਕਵਰ ਨਹੀਂ ਕੀਤਾ ਜਾਂਦਾ, ਉਸ ਨੂੰ ਤੁਹਾਡੇ ਵੱਲੋਂ ਅਦਾ ਕੀਤਾ ਜਾਣਾ ਲਾਜ਼ਮੀ ਹੁੰਦਾ ਹੈ ਅਤੇ ਇਸ ਨੂੰ "ਕੋ-ਪੇਮੈਂਟ" (ਸਹਿ-ਅਦਾਇਗੀ) ਕਹਿੰਦੇ ਹਨ (ਇਹ ਤੁਹਾਡੀ ਕਾਰ ਜਾਂ ਤੁਹਾਡੇ ਘਰ ਦੀ ਇੰਸ਼ੋਰੈਂਸ ਦੇ ਡਿਡਕਟੀਬਲ ਵਾਂਗ ਹੀ ਹੁੰਦਾ ਹੈ)। ਤੁਹਾਡੀ ਇੰਸ਼ੋਰੈਂਸ ਕੰਪਨੀ ਕੋਲ ਜਮ੍ਹਾਂ ਕਰਵਾਇਆ ਕਲੇਮ ਫ਼ਾਰਮ ਇੱਕ ਕੌਨਟ੍ਰੈਕਟ ਹੁੰਦਾ ਹੈ। ਸਹਿ-ਅਦਾਇਗੀ ਦੀ ਰਕਮ ਤੁਹਾਡੇ ਤੋਂ ਵਸੂਲਣੀ ਤੁਹਾਡੇ ਡੈਂਟਿਸਟ ਜਾਂ ਸਰਟੀਫ਼ਾਇਡ ਸਪੈਸ਼ਲਿਸਟ ਦੀ ਨੈਤਿਕ ਅਤੇ ਕਾਨੂੰਨੀ ਜ਼ਿੰਮੇਵਾਰੀ ਹੈ।



ਦੰਦਾ ਦੀ ਚੰਗੀ ਸਿਹਤ ਲਈ ਡੈਂਟਲ ਪਲੈਨ ਇੱਕ ਮਹੱਤਵਪੂਰਣ ਬੈਨਿਫ਼ਿਟ (ਫ਼ਾਇਦਾ) ਹੈ। ਆਪਣੇ ਦੰਦਾਂ ਦੀ ਦੇਖਭਾਲ ਦੀਆਂ ਜ਼ਰੂਰਤਾਂ ਬਾਰੇ ਗਿਆਨਵਾਨ ਫ਼ੈਸਲਾ ਕਰਨ ਲਈ ਆਪਣੇ ਪਲੈਨ ਬਾਰੇ ਜਾਣੋ ਅਤੇ ਆਪਣੇ ਇਲਾਜ ਦੀਆਂ ਚੋਣਾਂ ਬਾਰੇ ਆਪਣੇ ਡੈਂਟਿਸਟ ਨਾਲ ਵਿਚਾਰ-ਵਟਾਂਦਰਾ ਕਰੋ।

ਮਰੀਜ਼ਾਂ ਨੂੰ ਸੇਵਾ ਪ੍ਰਦਾਨ ਕਰਨ ਦੇ ਹਿੱਸੇ ਵਜੋਂ, ਕੁਝ ਡੈਂਟਲ ਦਫ਼ਤਰ ਟ੍ਰੀਟਮੈਂਟ ਦੇ ਖ਼ਰਚੇ ਦੇ ਕਵਰੇਜ ਅਧੀਨ ਹਿੱਸੇ ਦਾ ਬਿੱਲ ਸਿੱਧਾ ਬੀਮਾ ਕੰਪਨੀ ਨੂੰ ਭੇਜ ਦਿੰਦੇ ਹਨ। ਡੈਂਟਿਸਟਾਂ ਲਈ ਅਜਿਹਾ ਕਰਨਾ ਲਾਜ਼ਮੀ ਨਹੀਂ ਹੈ। ਸਹਿ-ਅਦਾਇਗੀ (ਜਾਂ ਡਿਡਕਟੀਬਲ) ਜਾਂ ਪਲੈਨ ਅਧੀਨ ਕਵਰ ਨਾ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੇ ਖ਼ਰਚੇ ਸਮੇਤ ਇਲਾਜ ਦੀ ਕਾਰਵਾਈ ਦਾ ਪੂਰਾ ਖ਼ਰਚਾ ਟ੍ਰੀਟਮੈਂਟ ਪ੍ਰਦਾਨ ਕੀਤੇ ਜਾਣ ਸਮੇਂ ਮਰੀਜ਼ ਤੋਂ ਵਸੂਲਿਆ ਜਾਣਾ ਲਾਜ਼ਮੀ ਹੈ।

### ਡੈਂਟਲ ਖ਼ਰਚੇ ਕਿਵੇਂ ਨਿਰਧਾਰਤ ਕੀਤੇ ਜਾਂਦੇ ਹਨ?

ਬ੍ਰਿਟਿਸ਼ ਕੋਲੰਬੀਆ ਡੈਂਟਲ ਅਸੋਸੀਏਸ਼ਨ ਬੀ.ਸੀ. ਵਿਚਲੇ ਡੈਂਟਿਸਟਾਂ ਅਤੇ ਸਰਟੀਫ਼ਾਇਡ ਸਪੈਸ਼ਲਿਸਟਾਂ ਨੂੰ ਫ਼ੀਸ ਸੰਬੰਧੀ ਸਲਾਹ ਦੇਣ ਲਈ ਪ੍ਰਸਤਾਵਿਤ ਫ਼ੀਸਾਂ ਦੀ ਇੱਕ ਸਾਲਾਨਾ ਗਾਈਡ ਤਿਆਰ ਕਰਦੀ ਹੈ। ਜ਼ਿਆਦਾਤਰ ਇੰਸ਼ੋਰੈਂਸ ਪਲੈਨਾਂ ਦੀਆਂ ਕਵਰੇਜਾਂ ਦਾ ਪ੍ਰਤੀਸ਼ਤ ਹਿੱਸਾ ਇਸ ਗਾਈਡ ਦੇ ਆਧਾਰਤ ਹੁੰਦਾ ਹੈ।

ਕੈਨੇਡਾ ਵਿੱਚ ਡੈਂਟਿਸਟ ਅਤੇ ਸਰਟੀਫ਼ਾਇਡ ਸਪੈਸ਼ਲਿਸਟ ਕੁਝ ਖ਼ਰਚਿਆਂ ਦੀ ਪੂਰਤੀ ਲਈ ਪ੍ਰਸਤਾਵਿਤ ਫ਼ੀਸ ਦੀ ਪਾਲਣਾ ਨਹੀਂ ਕਰਦੇ ਅਤੇ ਆਪਣੀਆਂ ਕੀਮਤਾਂ ਆਪ ਤੈਅ ਕਰਦੇ ਹਨ। ਇਹ ਖ਼ਰਚੇ ਹਨ: ਡੈਂਟਿਸਟ ਵੱਲੋਂ ਸਿੱਧੇ ਤੌਰ 'ਤੇ ਅਦਾ ਕੀਤੀਆਂ ਜਾਣ ਵਾਲੀਆਂ ਲੈਬ ਦੀਆਂ ਲਾਗਤਾਂ ਅਤੇ ਇਲਾਜ ਦੀ ਕਾਰਵਾਈ ਲਈ ਲੋੜੀਂਦੀ ਕੁਆਲਟੀ ਸਮੱਗਰੀ ਦਾ ਖ਼ਰਚਾ; ਤਨਖ਼ਾਹਾਂ; ਕਿਰਾਇਆ; ਲਾਜ਼ਮੀ ਤੌਰ 'ਤੇ ਪੜ੍ਹਾਈ ਜਾਰੀ ਰੱਖਣ ਸੰਬੰਧੀ ਖ਼ਰਚੇ; ਸਾਜ਼ੋ-ਸਾਮਾਨ; ਅਤੇ ਆਪਣੀ ਡੈਂਟਲ ਪ੍ਰੈਕਟਿਸ ਚਲਦੀ ਰੱਖਣ ਲਈ ਹੋਰ ਸਾਰੇ ਸੰਬੰਧਤ ਖ਼ਰਚੇ।

## ਆਪਣੇ ਦੰਦਾਂ ਦੀ ਸਿਹਤ ਵਿੱਚ ਸਰਗਰਮੀ ਨਾਲ ਹਿੱਸਾ ਲਓ:

- ਖ਼ਰਚਿਆਂ ਦੇ ਆਪਣੇ ਹਿੱਸੇ ਨੂੰ ਸਮਝਣ ਲਈ ਡੈਂਟਲ ਅਪੋਇੰਟਮੈਂਟ ਤੋਂ ਪਹਿਲਾਂ ਆਪਣੇ ਡੈਂਟਲ ਪਲੈਨ ਅਤੇ ਉਸ ਦੀ ਕਵਰੇਜ ਬਾਰੇ ਜਾਣੋ।
- ਭਵਿੱਖ ਲਈ ਯੋਜਨਾ ਬਣਾਓ। ਆਪਣੀ ਰਿਟਾਇਰਮੈਂਟ ਦੀ ਯੋਜਨਾਬੰਦੀ ਕਰਨ ਸਮੇਂ ਆਪਣੀ ਐਕਸਟੈਨਡਿਡ ਹੈਲਥ ਸੰਬੰਧੀ ਸਾਰੇ ਖ਼ਰਚਿਆਂ ਨੂੰ ਸ਼ਾਮਲ ਕਰੋ।
- ਆਪਣੇ ਦੰਦਾਂ ਦੀ ਦੇਖਭਾਲ ਸੰਬੰਧੀ ਜ਼ਰੂਰਤਾਂ ਦੇ ਆਧਾਰ 'ਤੇ ਗਿਆਨਵਾਨ ਫ਼ੈਸਲਾ ਕਰਨ ਲਈ ਆਪਣੇ ਟ੍ਰੀਟਮੈਂਟ ਦੀਆਂ ਸਾਰੀਆਂ ਚੋਣਾਂ ਬਾਰੇ ਆਪਣੇ ਡੈਂਟਿਸਟ ਨਾਲ ਵਿਚਾਰ-ਵਟਾਂਦਰਾ ਕਰੋ। ਟ੍ਰੀਟਮੈਂਟ ਨੂੰ ਟਾਲਣ ਜਾਂ ਟ੍ਰੀਟਮੈਂਟ ਲੈਣ ਤੋਂ ਮਨ੍ਹਾਂ ਕਰਨ ਨਾਲ ਜੁੜੇ ਸਿਹਤ ਖ਼ਤਰਿਆਂ ਨੂੰ ਸਮਝੋ।
- ਬਣਦੀ ਸਹਿ-ਅਦਾਇਗੀ ਦੀ ਰਕਮ ਅਦਾ ਕਰੋ। ਤੁਸੀਂ ਆਪਣੇ ਡੈਂਟਿਸਟ ਜਾਂ ਸਰਟੀਫ਼ਾਇਡ ਸਪੈਸ਼ਲਿਸਟ ਤੋਂ ਇਹ ਉਮੀਦ ਰੱਖਦੇ ਹੋ ਕਿ ਉਹ ਤੁਹਾਨੂੰ ਇਮਾਨਦਾਰੀ ਨਾਲ ਦੱਸੇਗਾ ਕਿ ਤੁਹਾਨੂੰ ਕਿਹੜੀ ਦੇਖਭਾਲ ਦੀ ਜ਼ਰੂਰਤ ਹੈ, ਅਤੇ ਤੁਹਾਡੀ ਇੰਸ਼ੋਰੈਂਸ ਕੰਪਨੀ ਵੀ ਇਹੋ ਉਮੀਦ ਰੱਖਦੀ ਹੈ।
- ਤੁਹਾਡੇ ਪਰਿਵਾਰ ਦੇ ਕਿਸੇ ਵੀ ਮੈਂਬਰ ਵਾਸਤੇ ਰੋਕਥਾਮ ਫ਼ਿਰ ਵੀ ਸਭ ਤੋਂ ਵਧੀਆ ਟ੍ਰੀਟਮੈਂਟ ਹੈ: ਦੰਦਾਂ ਨੂੰ ਰੋਜ਼ਾਨਾ ਬੁਰਸ਼ ਅਤੇ ਫ਼ਲੌਸ ਕਰੋ; ਖੰਡ-ਯੁਕਤ ਪੀਣ ਵਾਲੇ ਪਦਾਰਥਾਂ ਅਤੇ ਭੋਜਨਾਂ ਤੋਂ ਪਰਹੇਜ਼ ਕਰੋ; ਸਿਗਰਟ ਨਾ ਪੀਓ; ਸਾਲ ਵਿੱਚ ਇੱਕ ਵਾਰੀ ਡੈਂਟਿਸਟ ਤੋਂ ਜਾਂਚ ਕਰਵਾਓ ਤਾਂ ਕਿ ਸਮੱਸਿਆਵਾਂ ਵਧੇਰੇ ਗੁੰਝਲਦਾਰ ਅਤੇ ਮਹਿੰਗੀਆਂ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਪਛਾਣ ਕੀਤੀ ਜਾ ਸਕੇ।

Punjabi

ਵਧੇਰੇ ਜਾਣਕਾਰੀ ਲਈ ਆਪਣੇ ਡੈਂਟਿਸਟ ਨਾਲ ਗੱਲਬਾਤ ਕਰੋ ਜਾਂ ਡੈਂਟਲ ਪਲੈਨਾਂ ਸੰਬੰਧੀ ਅਕਸਰ ਪੁੱਛੇ ਜਾਂਦੇ ਸਵਾਲ ਦੇਖਣ ਲਈ yourdentalhealth.ca 'ਤੇ ਜਾਓ।

British Columbia Dental Association
MEMBER OF THE CANADIAN DENTAL ASSOCIATION